# ਕਾਗਜ਼ ਉੱਤੇ NAPLAN – ਮਾਪਿਆਂ ਲਈ ਅਤੇ ਸੰਭਾਲ ਕਰਨ ਵਾਲਿਆਂ ਲਈ ਜਾਣਕਾਰੀ

NAPLAN
NATIONAL ASSESSMENT PROGRAM
Literacy and Numeracy

2021

## ਤੁਹਾਡਾ ਬੱਚਾ ਕਾਗਜ਼ਾਂ ਉੱਤੇ NAPLAN ਟੈਸਟ ਕਰੇਗਾ

ਕੇਂਦਰੀ ਸਰਕਾਰ, ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਦੇ ਸਿੱਖਿਆ ਮੰਤਰੀ ਸਹਿਮਤ ਹੋਏ ਹਨ ਕਿ ਸਾਰੇ ਸਕੂਲ ਵਰਤਮਾਨ ਪੇਪਰ-ਆਧਾਰਿਤ NAPLAN ਤੋਂ ਹੌਲੀ-ਹੌਲੀ NAPLAN ਔਨਲਾਈਨ ਵਿੱਚ ਤਬਦੀਲ ਹੋ ਜਾਣਗੇ, ਤਾਂ ਜੋ ਵਧੀਆ ਅਤੇ ਵਧੇਰੇ ਸਟੀਕ ਮੁਲਾਂਕਣ ਪ੍ਰਦਾਨ ਕੀਤਾ ਜਾ ਸਕੇ, ਜੋ ਕਿ ਵਿਦਿਆਰਥੀਆਂ ਵਾਸਤੇ ਵਧੇਰੇ ਆਕਰਸ਼ਕ ਹੋਵੇ।

ਰਾਜਾਂ ਅਤੇ ਕੇਂਦਰੀ ਪ੍ਰਦੇਸ਼ ਦੇ ਸਿੱਖਿਆ ਅਧਿਕਾਰੀ ਇਹ ਨਿਰਣਾ ਕਰਨਗੇ ਕਿ ਉਹਨਾਂ ਦੇ ਸਕੂਲ ਕਦੋਂ ਔਨਲਾਈਨ ਚਲੇ ਜਾਣਗੇ। ਵਰਤਮਾਨ ਯੋਜਨਾ ਸਾਰੇ ਸਕੂਲਾਂ ਵਾਸਤੇ 2022 ਤੱਕ NAPLAN ਔਨਲਾਈਨ ਵਿੱਚ ਤਬਦੀਲ ਹੋਣ ਬਾਰੇ ਹੈ।

## ਵਿਦਿਆਰਥੀ NAPLAN ਕਿਉਂ ਕਰਦੇ ਹਨ?

ਨੈਸ਼ਨਲ ਅਸੈਸਮੈਂਟ ਪ੍ਰੋਗਰਾਮ – ਲਿਟਰੇਸੀ ਐਂਡ ਨਿਊਮਰੇਸੀ (NAPLAN) ਸਾਖਰਤਾ ਅਤੇ ਅੰਕੜਾ ਗਿਆਨ ਹੁਨਰਾਂ ਦਾ ਮੁਲਾਂਕਣ ਕਰਦਾ ਹੈ ਜੋ ਸਕੂਲ ਅਤੇ ਜੀਵਨ ਰਾਹੀਂ ਹਰ ਬੱਚੇ ਵਾਸਤੇ ਤਰੱਕੀ ਕਰਨ ਲਈ ਜ਼ਰੂਰੀ ਹਨ।

3, 5, 7 ਅਤੇ 9 ਜਮਾਤਾਂ ਦੇ ਵਿਦਿਆਰਥੀ ਪੜ੍ਹਨ, ਲਿਖਣ, ਭਾਸ਼ਾ ਦੀਆਂ ਰਵਾਇਤਾਂ (ਸ਼ਬਦ-ਜੋੜ, ਵਿਆਕਰਣ ਅਤੇ ਵਿਰਾਮ ਚਿੰਨ੍ਹ) ਅਤੇ ਅੰਕੜਾ ਗਿਆਨ ਵਿੱਚ ਸਾਲਾਨਾ NAPLAN ਟੈਸਟਾਂ ਵਿੱਚ ਹਿੱਸਾ ਲੈਂਦੇ ਹਨ।

ਮੁਲਾਂਕਣ ਮਾਪਿਆਂ ਅਤੇ ਸਕੂਲਾਂ ਨੂੰ ਇਸ ਗੱਲ ਦੀ ਸਮਝ ਪ੍ਰਦਾਨ ਕਰਦਾ ਹੈ ਕਿ ਟੈਸਟਾਂ ਦੇ ਸਮੇਂ ਹਰੇਕ ਵਿਦਿਆਰਥੀ ਕਿਵੇਂ ਪ੍ਰਦਰਸ਼ਨ ਕਰ ਰਿਹਾ ਹੈ। NAPLAN ਕਿਸੇ ਸਕੂਲ ਦੇ ਮੁਲਾਂਕਣ ਅਤੇ ਰਿਪੋਰਟ ਕਰਨ ਦੀ ਪ੍ਰਕਿਰਿਆ ਦਾ ਕੇਵਲ ਇੱਕ ਪਹਿਲੂ ਹੈ – ਇਹ ਵਿਦਿਆਰਥੀ ਦੇ ਪ੍ਰਦਰਸ਼ਨ ਬਾਰੇ ਅਧਿਆਪਕਾਂ ਦੁਆਰਾ ਕੀਤੇ ਗਏ ਨਿਰੰਤਰ ਮੁਲਾਂਕਣਾਂ ਦੀ ਥਾਂ ਨਹੀਂ ਲੈਂਦੀ ਹੈ।

NAPLAN ਸਕੂਲਾਂ, ਸਿੱਖਿਆ ਅਥਾਰਟੀਆਂ ਅਤੇ ਸਰਕਾਰਾਂ ਨੂੰ ਇਸ ਬਾਰੇ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ, ਕਿ ਸਿੱਖਿਆ ਪ੍ਰੋਗਰਾਮ ਕਿਵੇਂ ਕੰਮ ਕਰ ਰਹੇ ਹਨ, ਅਤੇ ਕੀ ਆਸਟ੍ਰੇਲੀਆ ਦੇ ਨੌਜਵਾਨ ਸਾਖਰਤਾ ਅਤੇ ਅੰਕੜਾ ਗਿਆਨ ਵਿੱਚ ਮਹੱਤਵਪੂਰਣ ਸਿੱਖਿਆ ਦੇ ਸਿੱਟੇ ਪ੍ਰਾਪਤ ਕਰ ਰਹੇ ਹਨ।

## NAPLAN ਕੀ ਮੁਲਾਂਕਣ ਕਰਦਾ ਹੈ?

NAPLAN ਸਾਖਰਤਾ ਅਤੇ ਅੰਕੜਾ ਗਿਆਨ ਦੀਆਂ ਯੋਗਤਾਵਾਂ ਦਾ ਮੁਲਾਂਕਣ ਕਰਦਾ ਹੈ ਜੋ ਵਿਦਿਆਰਥੀ ਆਪਣੇ ਬਕਾਇਦਾ ਸਕੂਲੀ ਪਾਠਕ੍ਰਮ ਰਾਹੀਂ ਸਿੱਖ ਰਹੇ ਹਨ। ਸਾਰੀਆਂ ਸਰਕਾਰੀ ਅਤੇ ਗੈਰ-ਸਰਕਾਰੀ ਸਿੱਖਿਆ ਅਥਾਰਟੀਆਂ ਨੇ NAPLAN ਸਮੱਗਰੀਆਂ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ।

ਵਿਦਿਆਰਥੀਆਂ ਦਾ ਉਸੇ ਸਾਖਰਤਾ ਅਤੇ ਅੰਕੜਾ ਗਿਆਨ ਪਾਠਕ੍ਰਮ ਸਮੱਗਰੀ ਉੱਤੇ ਮੁਲਾਂਕਣ ਕੀਤਾ ਜਾਂਦਾ ਹੈ, ਭਾਂਵੇਂ ਕਿ ਉਹ ਟੈਸਟ ਔਨਲਾਈਨ ਜਾਂ ਕਾਗਜ਼ਾਂ ਉੱਤੇ ਪੂਰਾ ਕਰਦੇ ਹੋਣ। ਦੋਨਾਂ ਰੂਪਾਂ ਵਾਸਤੇ ਨਤੀਜਿਆਂ ਦੀ ਰਿਪੋਰਟ NAPLAN ਦੇ ਇੱਕੋ ਮੁਲਾਂਕਣ ਪੈਮਾਨੇ ਉੱਤੇ ਕੀਤੀ ਜਾ ਸਕਦੀ ਹੈ।

## ਮੈਂ ਆਪਣੇ ਬੱਚੇ ਦੀ ਸਹਾਇਤਾ ਕਰਨ ਲਈ ਕੀ ਕਰ ਸਕਦਾ/ਸਕਦੀ ਹਾਂ?

ਆਪਣੇ ਆਪ, NAPLAN ਕੋਈ ਅਜਿਹਾ ਟੈਸਟ ਨਹੀਂ ਹੈ ਜਿਸ ਲਈ ਪੜ੍ਹਾਈ ਕੀਤੀ ਜਾ ਸਕਦੀ ਹੈ ਅਤੇ ਵਿਦਿਆਰਥੀਆਂ ਤੋਂ ਅਜਿਹਾ ਕਰਨ ਦੀ ਉਮੀਦ ਨਹੀਂ ਕੀਤੀ ਜਾਂਦੀ।

ਤੁਸੀਂ ਆਪਣੇ ਬੱਚੇ ਨੂੰ ਇਹ ਭਰੋਸਾ ਦਿਵਾ ਕੇ ਕਿ NAPLAN ਉਹਨਾਂ ਦੇ ਸਕੂਲ ਪ੍ਰੋਗਰਾਮ ਦਾ ਕੇਵਲ ਇੱਕ ਹਿੱਸਾ ਹੈ, ਅਤੇ ਟੈਸਟ ਵਾਲੇ ਦਿਨ ਉਹਨਾਂ ਨੂੰ ਆਪਣੀ ਸਭ ਤੋਂ ਵਧੀਆ ਕੋਸ਼ਿਸ਼ ਕਰਨ ਲਈ ਯਾਦ ਕਰਵਾ ਕੇ ਸਹਾਇਤਾ ਕਰ ਸਕਦੇ ਹੋ।

ACARA, NAPLAN ਵਾਸਤੇ ਹੱਦੋਂ ਵੱਧ ਤਿਆਰੀ ਜਾਂ ਕੋਚਿੰਗ ਪ੍ਰਦਾਨ ਕਰਨ ਵਾਲਿਆਂ ਦੀ ਸੇਵਾਵਾਂ ਦੀ ਵਰਤੋਂ ਕਰਨ ਦੀ ਸਿਫਾਰਸ਼ ਨਹੀਂ ਕਰਦਾ ਹੈ।

ਅਧਿਆਪਕ ਇਹ ਯਕੀਨੀ ਬਨਾਉਣਗੇ ਕਿ ਵਿਦਿਆਰਥੀ ਟੈਸਟਾਂ ਵਿੱਚ ਸਵਾਲਾਂ ਦੀਆਂ ਕਿਸਮਾਂ ਤੋਂ ਜਾਣੂੰ ਹੋਣ ਅਤੇ ਉਹ ਉਚਿਤ ਸਹਾਇਤਾ ਅਤੇ ਮਾਰਗ ਦਰਸ਼ਨ ਪ੍ਰਦਾਨ ਕਰਨਗੇ।

NAPLAN ਸਵਾਲਾਂ ਦੀਆਂ ਉਦਾਹਰਣਾਂ ਵੇਖੋ nap.edu.au/naplan

## NAPLAN ਵਿੱਚ ਹਿੱਸਾ ਲੈਣਾ

ਜਮਾਤ 3, 5, 7 ਅਤੇ 9 ਦੇ ਸਾਰੇ ਵਿਦਿਆਰਥੀਆਂ ਤੋਂ ਸਾਲਾਨਾ NAPLAN ਮੁਲਾਂਕਣ ਵਿੱਚ ਹਿੱਸਾ ਲੈਣ ਦੀ ਉਮੀਦ ਕੀਤੀ ਜਾਂਦੀ ਹੈ। ਅਪੰਗਤਾ ਵਾਲੇ ਵਿਦਿਆਰਥੀ ਉਹਨਾਂ ਵਾਧਿਆਂ-ਘਾਟਿਆਂ ਵਾਸਤੇ ਯੋਗ ਹੋ ਸਕਦੇ ਹਨ, ਜੋ ਆਮ ਤੌਰ ਉੱਤੇ ਜਮਾਤ ਦੇ ਮੁਲਾਂਕਣਾਂ ਵਾਸਤੇ ਪ੍ਰਦਾਨ ਕੀਤੀ ਸਹਾਇਤਾ ਨੂੰ ਦਰਸਾਉਂਦੇ ਹਨ। ਤੁਹਾਨੂੰ ਆਪਣੇ ਬੱਚੇ ਵਾਸਤੇ ਕਿਸੇ ਵੀ ਵਾਧੇ-ਘਾਟੇ ਦੀ ਵਰਤੋਂ ਬਾਰੇ ਆਪਣੇ ਬੱਚੇ ਦੇ ਅਧਿਆਪਕ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।

ਅਪੰਗਤਾ ਵਾਲਾ ਵਿਦਿਆਰਥੀ ਜੋ ਮੁਲਾਂਕਣ ਵਿੱਚ ਹਿੱਸਾ ਲੈਣ ਦੀ ਉਸ ਦੀ ਸਮਰੱਥਾ ਨੂੰ ਗੰਭੀਰ ਰੂਪ ਵਿੱਚ ਸੀਮਤ ਕਰਦੀ ਹੈ, ਜਾਂ ਕੋਈ ਵਿਦਿਆਰਥੀ ਜੋ ਹਾਲ ਹੀ ਵਿੱਚ ਆਸਟ੍ਰੇਲੀਆ ਆਇਆ ਹੈ ਅਤੇ ਉਸ ਦਾ ਗੈਰ-ਅੰਗਰੇਜ਼ੀ ਬੋਲਣ ਦਾ ਪਿਛੋਕੜ ਹੈ, ਉਸਨੂੰ ਰਸਮੀ ਛੋਟ ਦਿੱਤੀ ਜਾ ਸਕਦੀ ਹੈ।

ਤੁਹਾਡੇ ਸਕੂਲ ਦਾ ਪ੍ਰਿੰਸੀਪਲ ਅਤੇ ਤੁਹਾਡੀ ਸਥਾਨਕ ਟੈਸਟ ਪ੍ਰਸ਼ਾਸਨ ਅਥਾਰਟੀ ਤੁਹਾਨੂੰ ਵਿਸ਼ੇਸ਼ ਪ੍ਰਬੰਧਾਂ ਜਾਂ ਰਸਮੀ ਛੋਟ ਪ੍ਰਾਪਤ ਕਰਨ ਲਈ ਲੋੜੀਂਦੀ ਪ੍ਰਕਿਰਿਆ ਬਾਰੇ ਵਧੇਰੇ ਜਾਣਕਾਰੀ ਦੇ ਸਕਦੇ ਹਨ।

## ਜੇ NAPLAN ਦੇ ਦਿਨਾਂ ਵਿੱਚ ਮੇਰਾ ਬੱਚਾ ਸਕੂਲ ਤੋਂ ਗੈਰਹਾਜ਼ਰ ਹੈ ਤਾਂ ਕੀ ਹੋਵੇਗਾ?

ਜਿੱਥੇ ਸੰਭਵ ਹੋਵੇ, ਸਕੂਲ ਉਹਨਾਂ ਵਿਦਿਆਰਥੀਆਂ ਵਾਸਤੇ ਪ੍ਰਬੰਧ ਕਰ ਸਕਦੇ ਹਨ ਜੋ ਟੈਸਟ ਕਰਨ ਦੇ ਸਮੇਂ ਗੈਰਹਾਜ਼ਰ ਹਨ ਤਾਂ ਜੋ ਖੁੰਝੇ ਗਏ ਟੈਸਟਾਂ ਨੂੰ ਟੈਸਟ ਵਾਲੇ ਹਫਤੇ ਦੇ ਦੌਰਾਨ ਕਿਸੇ ਹੋਰ ਸਮੇਂ ਪੂਰਾ ਕੀਤਾ ਜਾ ਸਕੇ।

## ਮੇਰੇ ਬੱਚੇ ਦੇ ਪ੍ਰਦਰਸ਼ਨ ਦੀ ਰਿਪੋਰਟ ਕਿਵੇਂ ਕੀਤੀ ਜਾਵੇਗੀ?

ਹਰੇਕ ਮੁਲਾਂਕਣ ਵਾਸਤੇ ਹਰੇਕ ਵਿਦਿਆਰਥੀ ਦੇ ਪ੍ਰਦਰਸ਼ਨ ਨੂੰ ਕੌਮੀ ਪ੍ਰਾਪਤੀ ਦੇ ਪੈਮਾਨੇ ਉੱਤੇ ਦਿਖਾਇਆ ਜਾਂਦਾ ਹੈ। ਘੱਟੋ-ਘੱਟ ਕੌਮੀ ਮਿਆਰ ਉੱਤੇ ਨਤੀਜਾ ਇਹ ਦਰਸਾਉਂਦਾ ਹੈ ਕਿ ਵਿਦਿਆਰਥੀ ਨੇ ਉਸ ਜਮਾਤ ਦੇ ਪੱਧਰ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਲਈ ਲੋੜੀਂਦੇ ਮੁੱਢਲੇ ਸਾਖਰਤਾ ਅਤੇ ਅੰਕੜਾ ਗਿਆਨ ਹੁਨਰਾਂ ਦਾ ਪ੍ਰਦਰਸ਼ਨ ਕੀਤਾ ਹੈ।

NAPLAN ਵਿਅਕਤੀਗਤ ਵਿਦਿਆਰਥੀ ਰਿਪੋਰਟ ਸਾਲ ਦੇ ਅਖੀਰ ਵਿੱਚ ਤੁਹਾਡੇ ਬੱਚੇ ਦੇ ਸਕੂਲ ਦੁਆਰਾ ਜਾਰੀ ਕੀਤੀ ਜਾਵੇਗੀ। ਜੇ ਤੁਹਾਨੂੰ ਕੋਈ ਰਿਪੋਰਟ ਨਹੀਂ ਮਿਲਦੀ, ਤਾਂ ਤੁਹਾਨੂੰ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰਨਾ ਚਾਹੀਦਾ ਹੈ।

## NAPLAN ਸਮਾਂ-ਸਾਰਣੀ

NAPLAN ਮੁਲਾਂਕਣ ਦਾ ਸਮਾਂ ਮੰਗਲਵਾਰ 11 ਮਈ ਨੂੰ ਸ਼ੁਰੂ ਹੁੰਦਾ ਹੈ ਅਤੇ ਵੀਰਵਾਰ 13 ਮਈ 2021 ਨੂੰ ਸਮਾਪਤ ਹੋ ਜਾਂਦਾ ਹੈ।

ਕਾਗਜ਼ ਵਾਲੇ ਟੈਸਟ ਦੀ ਸਮਾਂ-ਸਾਰਣੀ ਦੀਆਂ ਲੋੜਾਂ ਦਾ ਵਿਸਥਾਰ ਹੇਠਾਂ ਸਾਰਣੀ ਵਿੱਚ ਦਿੱਤਾ ਗਿਆ ਹੈ।

## NAPLAN ਨਤੀਜਿਆਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ?

- ਵਿਦਿਆਰਥੀ ਅਤੇ ਮਾਪੇ, ਅਧਿਆਪਕਾਂ ਨਾਲ ਤਰੱਕੀ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਵਿਅਕਤੀਗਤ ਨਤੀਜਿਆਂ ਦੀ ਵਰਤੋਂ ਕਰ ਸਕਦੇ ਹਨ।
- ਅਧਿਆਪਕ ਉਹਨਾਂ ਵਿਦਿਆਰਥੀਆਂ ਦੀ ਵਧੀਆ ਪਛਾਣ ਕਰਨ ਲਈ ਨਤੀਜਿਆਂ ਦੀ ਵਰਤੋਂ ਕਰਦੇ ਹਨ ਜਿੰਨ੍ਹਾਂ ਨੂੰ ਵਧੇਰੇ ਚੁਣੌਤੀਆਂ ਜਾਂ ਵਾਧੂ ਸਹਾਇਤਾ ਤੋਂ ਲਾਭ ਹੋਵੇਗਾ।
- ਸਕੂਲ ਸਿੱਖਿਆ ਦੇ ਪ੍ਰੋਗਰਾਮਾਂ ਵਿੱਚ ਸੁਧਾਰ ਕਰਨ ਲਈ ਸ਼ਕਤੀਆਂ ਅਤੇ ਖੇਤਰਾਂ ਦੀ ਪਛਾਣ ਕਰਨ ਲਈ, ਅਤੇ ਸਾਖਰਤਾ ਅਤੇ ਅੰਕੜਾ ਗਿਆਨ ਵਿੱਚ ਟੀਚੇ ਤੈਅ ਕਰਨ ਲਈ ਨਤੀਜਿਆਂ ਦੀ ਵਰਤੋਂ ਕਰਦੇ ਹਨ।
- ਸਕੂਲਾਂ ਨੂੰ ਪੇਸ਼ਕਸ਼ ਕੀਤੇ ਜਾਂਦੇ ਪ੍ਰੋਗਰਾਮਾਂ ਅਤੇ ਸਹਾਇਤਾ ਦੀ ਸਮੀਖਿਆ ਕਰਨ ਲਈ ਸਕੂਲੀ ਪ੍ਰਣਾਲੀਆਂ, ਨਤੀਜਿਆਂ ਦੀ ਵਰਤੋਂ ਕਰਦੀਆਂ ਹਨ।
- ਭਾਈਚਾਰਾ myschool.edu.au ਵਿਖੇ ਸਕੂਲ ਦੇ ਔਸਤ NAPLAN ਨਤੀਜੇ ਦੇਖ ਸਕਦਾ ਹੈ।

## ਮੈਂ ਵਧੇਰੇ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ/ ਸਕਦੀ ਹਾਂ?

NAPLAN ਬਾਰੇ ਵਧੇਰੇ ਜਾਣਕਾਰੀ ਵਾਸਤੇ:

- ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰੋ
- nap.edu.au/TAA ਉੱਤੇ ਆਪਣੀ ਸਥਾਨਕ ਟੈਸਟ ਪ੍ਰਸ਼ਾਸ਼ਨ ਅਥਾਰਟੀ ਨਾਲ ਸੰਪਰਕ ਕਰੋ
- nap.edu.au ਉੱਤੇ ਜਾਓ

ਇਹ ਜਾਣਨ ਲਈ ਕਿ ACARA, NAPLAN ਵਾਸਤੇ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਦੀ ਹੈ, nap.edu.au/naplan/privacy ਉੱਤੇ ਜਾਓ

| ਕਾਗਜ਼ੀ ਟੈਸਟ | ਮੰਗਲਵਾਰ<br>11 ਮਈ | ਬੁੱਧਵਾਰ<br>12 ਮਈ | ਵੀਰਵਾਰ<br>13 ਮਈ |
|---|---|---|---|
| ਭਾਸ਼ਾ ਦੇ ਦਸਤੂਰ<br>ਇਹ ਟੈਸਟ ਸ਼ਬਦ-ਜੋੜ, ਵਿਆਕਰਣ ਅਤੇ ਵਿਰਾਮ ਚਿੰਨ੍ਹਾਂ ਦਾ ਮੁਲਾਂਕਣ ਕਰਦਾ ਹੈ | ਜਮਾਤ 3: 45 ਮਿੰਟ।<br>ਜਮਾਤ 5: 45 ਮਿੰਟ।<br>ਜਮਾਤ 7: 45 ਮਿੰਟ।<br>ਜਮਾਤ 9: 45 ਮਿੰਟ। | | |
| ਲਿਖਾਈ<br>ਵਿਦਿਆਰਥੀਆਂ ਨੂੰ 'ਲਿਖਣ ਦੀ ਪ੍ਰੇਰਨਾ' ਪ੍ਰਦਾਨ ਕੀਤੀ ਜਾਂਦੀ ਹੈ (ਕਈ ਵਾਰ 'ਤੁਰੰਤ ਇਸ਼ਾਰਾ' – ਇੱਕ ਵਿਚਾਰ ਜਾਂ ਵਿਸ਼ਾ ਕਿਹਾ ਜਾਂਦਾ ਹੈ) ਅਤੇ ਕਿਸੇ ਵਿਸ਼ੇਸ਼ ਸ਼ੈਲੀ (ਬਿਰਤਾਂਤ ਜਾਂ ਪ੍ਰੇਰਨਾਤਮਕ ਲਿਖਤ) ਵਿੱਚ ਜਵਾਬ ਲਿਖਣ ਲਈ ਕਿਹਾ ਜਾਂਦਾ ਹੈ | ਜਮਾਤ 3: 40 ਮਿੰਟ।<br>ਜਮਾਤ 5: 40 ਮਿੰਟ।<br>ਜਮਾਤ 7: 40 ਮਿੰਟ।<br>ਜਮਾਤ 9: 40 ਮਿੰਟ। | | |
| ਪੜ੍ਹਨਾ<br>ਵਿਦਿਆਰਥੀ ਕਈ ਤਰ੍ਹਾਂ ਦੀਆਂ ਜਾਣਕਾਰੀ ਭਰਪੂਰ, ਕਾਲਪਨਿਕ ਅਤੇ ਪ੍ਰੇਰਕ ਲਿਖਤਾਂ ਪੜ੍ਹਦੇ ਹਨ ਅਤੇ ਸਬੰਧਤ ਸਵਾਲਾਂ ਦੇ ਜਵਾਬ ਦਿੰਦੇ ਹਨ | | ਜਮਾਤ 3: 45 ਮਿੰਟ।<br>ਜਮਾਤ 5: 50 ਮਿੰਟ।<br>ਜਮਾਤ 7: 65 ਮਿੰਟ।<br>ਜਮਾਤ 9: 65 ਮਿੰਟ। | |
| ਅੰਕੜਾ ਗਿਆਨ<br>ਇਹ ਟੈਸਟ ਸੰਖਿਆ ਅਤੇ ਅਲਜਬਰਾ, ਮਾਪ ਅਤੇ ਰੇਖਾਗਣਿਤ, ਅਤੇ ਅੰਕੜਿਆਂ ਅਤੇ ਸੰਭਾਵਨਾ ਦਾ ਮੁਲਾਂਕਣ ਕਰਦਾ ਹੈ | | | ਜਮਾਤ 3: 45 ਮਿੰਟ।<br>ਜਮਾਤ 5: 50 ਮਿੰਟ।<br>ਜਮਾਤ 7: 65 ਮਿੰਟ।<br>ਜਮਾਤ 9: 65 ਮਿੰਟ। |